# ਵਾਤਾਵਰਣਕ ਖੋਜ ਦੇ ਲਈ Arthur Rylah ਸੰਸਥਾ

ਵਾਤਾਵਰਣਕ ਖੋਜ ਦੇ ਲਈ Arthur Rylah ਸੰਸਥਾ (ARI) ਵਿਹਾਰਕ ਵਿਵਭੰਨਤਾ ਖੋਜ ਦੇ ਲਈ ਵਿਕਟੋਰੀਆ ਦੇ ਵਿਚ ਮੋਹਰਲਾ ਕੇਂਦਰ ਹੈ।

## ਸਾਡੇ ਬਾਰੇ

ਅਸੀਂ ਵਿਕਟੋਰੀਆ ਦੀ ਸਰਕਾਰ ਦੀ ਵਿਵਭੰਨਤਾ ਖੋਜ ਸੰਸਥਾ ਹਾਂ - ਵਾਤਾਵਰਨ, ਜ਼ਮੀਨ, ਪਾਣੀ ਅਤੇ ਯੋਜਨਾ ਦੇ ਵਿਕਟਟੋਰੀਅਨ ਵਿਭਾਗ ਦੇ ਵਿਚ ਵਿਵਭੰਨਤਾ (DELWP) ਡਿਵੀਜਨ ਦਾ ਭਾਗ। ਸਾਡਾ ਉਦੇਸ਼ ਹੈ ਸਭ ਤੋਂ ਵਧੀਆ, ਵਿਹਾਰਕ, ਵਾਤਾਵਰਣ ਖੋਜ ਦੁਆਰਾ ਗਿਆਨ ਦਾ ਨਿਰਮਾਣ ਕਰਨਾ ਅਤੇ ਉਸਨੂੰ ਦੂਸਰਿਆਂ ਨਾਲ ਵੰਡਣਾ। ਇਹ ਗਿਆਨ ਕਾਇਮ ਰਹਿਣ ਵਾਲੀ ਵਾਤਾਵਰਣ ਸੰਬੰਧੀ ਨੀਤੀ ਅਤੇ ਪ੍ਰਬੰਧ ਨੂੰ ਸਹਿਯੋਗ ਪ੍ਰਦਾਨ ਕਰੇਗਾ ਅਤੇ ਉਸਦਾ ਮਾਰਗ ਦਰਸ਼ਨ ਕਰੇਗਾ ਤਾਂ ਜੋ ਦੱਖਣੀ-ਪੂਰਬ ਆਸਟਰੇਲੀਆ ਦੇ ਵਿਚ ਸਿਹਤਮੰਦ, ਅਨੁਕੂਲ ਵਾਤਾਵਰਣ ਸੁਨਿਸਚਿਤ ਹੋ ਸਕੇ।

## ਸਾਡੇ ਹੁਨਰ

ਸਾਡੀ ਮਾਹਰ ਟੀਮ ਦੇ ਵਿਚ ਜ਼ਮੀਨ ਅਤੇ ਪਾਣੀ ਸੰਬੰਧੀ ਵਾਤਾਵਰਨ ਦੇ ਤਹਿਤ 65 ਵਚਨਬੱਧ, ਅਨੁਭਵੀ ਖੋਜਕਰਤਾ ਸਟਾਫ ਕੰਮ ਕਰ ਰਹੇ ਹਨ ਤਾਂ ਜੋ ਵਾਤਾਵਰਣ ਸੰਬੰਧੀ ਪ੍ਰਸ਼ਨਾਂ ਦੇ ਲਈ ਸਭ ਤੋਂ ਵਧੀਆ, ਵਿਸ਼ਵਾਸਯੋਗ ਜਵਾਬ ਪ੍ਰਦਾਨ ਕੀਤੇ ਜਾ ਸਕਣ।

ਸਾਡੇ ਜ਼ਿਆਦਾਤਰ ਮੌਜੂਦ ਵਿਗਿਆਨੀਆਂ ਕੋਲ ਪੋਸਟ ਗਰੈਜੂਏਟ ਯੋਗਤਾਵਾਂ ਅਤੇ ਵਿਆਪਕ ਅਨੁਭਵ ਹੈ। ਸਾਡੇ ਕੋਲ ਮਜਬੂਤ ਗੁਣਵੱਤਾ ਪ੍ਰਦਾਨ ਕਰਨ ਵਾਲੀਆਂ ਭਰੋਸੇਯੋਗ ਵਿਧੀਆਂ ਹਨ ਅਤੇ ਸਾਡੇ ਵਿਗਿਆਨ ਦੀ ਪੂਰੀ ਤਰ੍ਹਾਂ ਸੁਤੰਤਰ ਮਾਹਰਾਂ ਦੁਆਰਾ ਸਮੀਖਿਆ ਕੀਤੀ ਗਈ ਹੈ। ਸਾਡੇ ਵਿਗਿਆਨੀਆਂ ਨੂੰ ਸਾਡਾ ਕੁਸ਼ਲ ਵਪਾਰ ਅਤੇ ਪ੍ਰਬੰਧਕ ਟੀਮ ਸਹਿਯੋਗ ਪ੍ਰਦਾਨ ਕਰਦੀ ਹੈ।

ਅਸੀਂ ਹੇਠ ਲਿਖੇ ਦੇ ਵਿਚ ਮਾਹਰ ਹਾਂ:

- ਜਾਤੀਆਂ ਅਤੇ ਨਿਵਾਸ ਦਾ ਮੁਲਾਂਕਣ, ਨਿਗਰਾਨੀ ਅਤੇ ਬਹਾਲੀ
- ਸੰਕਟ ਵਿੱਚ ਜਾਤੀਆਂ ਦਾ ਬਚਾਵ ਅਤੇ ਰਿਕਵਰੀ
- ਅਬਾਦੀ ਵਿਗਿਆਨ ਅਤੇ ਅਬਾਦੀ ਮਾਡਲਿੰਗ
- ਅਸ਼ਾਂਤ ਵਾਤਾਵਰਣ (ਉਦਾਹਰਨ ਦੇ ਤੌਰ ਤੇ ਅੱਗ, ਹੜ੍ਹ, ਚੜ੍ਹਾਅ ਅਤੇ ਪਸ਼ੂਆਂ ਦਾ ਚਰਨਾ)
- ਚੀਰਫਾੜ੍ਹ ਨਾਲ ਜਾਤੀਆਂ ਦਾ ਮੁਲਾਂਕਣ, ਨਿਗਰਾਨੀ ਅਤੇ ਪ੍ਰਬੰਧ ਕੁਸ਼ਲਤਾ
- ਬਹੁਤ ਜ਼ਿਆਦਾ ਗਿਣਤੀ ਵਾਲੇ ਜੰਗਲੀ ਜਾਨਵਰਾਂ ਦਾ ਪ੍ਰਬੰਧ
- ਵਿਵਭੰਨਤਾ ਮੁਲਾਂਕਣ ਦੇ ਲਈ ਚੀਰਫਾੜ੍ਹ ਵਾਲੀ ਸਰਵੇਖਣ ਤਕਨੀਕ ਦਾ ਵਿਕਾਸ ਕਰਨਾ, ਟੈਸਟ ਕਰਨਾ ਅਤੇ ਉਸਨੂੰ ਲਾਗੂ ਕਰਨਾ
- ਵਾਤਾਵਰਣ ਮਾਡਲਿੰਗ, ਛਾਣਬੀਣ ਅਤੇ ਅਨੁਕੂਲਤਾ
- ਮਜ਼ਬੂਤ ਸੰਕੇਤਾਂ ਅਤੇ ਫੈਸਲੇ ਵਿੱਚ ਸਹਿਯੋਗ ਵਾਲੇ ਟੂਲਾਂ ਦਾ ਵਿਕਾਸ ਕਰਨਾ
- ਗਿਣਾਤਮਕ ਵਾਤਾਵਰਣ ਅਤੇ ਹੱਥਾਂ ਪੈਰਾਂ ਦੇ ਨਿਸ਼ਾਨ
- ਜਾਤੀਆਂ ਦੇ ਵੰਡ ਦੇ ਅੰਕੜੇ - ਰਿਕਾਰਡਾਂ ਦਾ ਦਾਖਲਾ, ਸਮੀਖਿਆ ਅਤੇ ਵਿਆਖਿਆ (ਉਦਾਹਰਨ ਦੇ ਤੌਰ ਤੇ ਵਿਕਟੋਰੀਅਨ ਵਿਵਭੰਨਤਾ ਐਟਲਸ)



VICTORIA State Government | Environment, Land, Water and Planning

- ਪੌਦਿਆਂ ਅਤੇ ਜਾਨਵਰਾਂ ਦਾ ਵਰਗੀਕਰਣ
- ਵਿਗਿਆਨ ਸੰਚਾਰ, ਸਬੰਧ ਅਤੇ ਨਾਗਰਿਕ ਵਿਗਿਆਨ

## ਸਾਡੇ ਥੰਮ੍ਹ

- ਮਜ਼ਬੂਤ ਵਿਗਿਆਨ
- ਮੌਲਿਕ ਤਕਨੀਕ
- ਅਰਥਪੂਰਨ ਹਿੱਸੇਦਾਰੀ

## ਸਹਿਯੋਗ

ਸਰਕਾਰ ਦੇ ਵਿਚ ਅਤੇ ਬਾਹਰ ਸਾਡੇ ਮਜਬੂਤ ਰਿਸ਼ਤੇ ਅਤੇ ਹਿੱਸੇਦਾਰੀਆਂ ਹਨ। ਸਾਡਾ ਸਟਾਫ ਕਾਮਨਵੈਲਥ ਸਰਕਾਰ, ਦੂਜਿਆਂ ਰਾਜ ਸਰਕਾਰਾਂ ਵਿਭਾਗਾਂ ਅਤੇ ਏਜੰਸੀਆਂ, Catchment Management Authorities (CMA), Melbourne Water, Parks Victoria, ਸਥਾਨਕ ਨਗਰ ਪਾਲਿਕਾ, ਖੋਜ ਸੰਸਥਾਵਾਂ, ਵਪਾਰਕ ਸੰਸਥਾਵਾਂ, ਦਿਲਚਸਪੀ ਵਾਲੇ ਸਮੂਹਾਂ, ਗੈਰ ਸਰਕਾਰੀ ਸੰਸਥਾਵਾਂ ਅਤੇ ਸਮਾਜ ਦੇ ਨਾਲ ਨਜਦੀਕੀ ਤੌਰ ਤੇ ਕੰਮ ਕਰਦਾ ਹੈ। ਯੂਨੀਵਰਸਿਟੀਆਂ ਦੇ ਨਾਲ ਸਾਡੇ ਵਿਆਪਕ ਲਿੰਕ ਹਨ ਅਤੇ ਸਾਡਾ ਸਟਾਫ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਅੱਠ ਯੂਨੀਵਰਸਿਟੀਆਂ ਦੇ ਵਿਚ ਸੁਪ੍ਰਵਾਈਜ਼ ਕਰਦਾ ਹੈ। ਤਿੰਨ ਸਾਂਝੇ ਤੌਰ ਤੇ ਨਿਯੁਕਤ ਸਟਾਫ ਦੇ ਨਾਲ ਲਾ ਟਰੋਬ ਯੂਨੀਵਰਿਸਟੀ ਦੇ ਨਾਲ ਸਾਡਾ ਰਿਸ਼ਤਾ ਵਿਕਸਿਤ ਹੋ ਰਿਹਾ ਹੈ ਜੋ ਵਿਗਿਆਨ ਸੰਬੰਧੀ ਲੀਡਰਸ਼ਿਪ ਪ੍ਰਦਾਨ ਕਰਦੇ ਹਨ ਅਤੇ ਦੋਨੋਂ ਸੰਸਥਾਵਾਂ ਦੇ ਵਿਚ ਸੰਯੁਕਤ ਖੋਜ ਕਰਦੇ ਹਨ।

## ਸਾਡੇ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ

ਅਸੀਂ ਆਪਣੇ ਗਾਹਕਾਂ ਨੂੰ ਸੁਣਦੇ ਹਾਂ ਅਤੇ ਉਹਨਾਂ ਦੀਆਂ ਜ਼ਰੂਰਤਾਂ ਨੂੰ ਸਮਝਣ ਦੀ ਮਹੱਤਤਾ ਨੂੰ ਮਾਨਤਾ ਦਿੰਦੇ ਹਾਂ। ਅਸੀਂ ਆਪਣੇ ਖੋਜ ਪ੍ਰੋਗਰਾਮਾਂ ਨੂੰ ਔਨਲਾਈਨ ਕਰਦੇ ਹਾਂ ਅਤੇ ਆਪਣੀ ਖੋਜ ਨੂੰ ਉਚਿਤ ਪ੍ਰਬੰਧ ਮਾਰਗਦਰਸ਼ਨ ਦੇ ਵਿਚ ਸਮਝਦੇ ਹਾਂ ਅਤੇ ਨਤੀਜਿਆਂ ਦੀ ਮਜਬੂਤ ਸੰਭਾਵਨਾ ਤੇ ਕੇਂਦਰਿਤ ਕਰਦੇ ਹਾਂ ਤਾਂ ਜੋ ਵਿਆਪਕ ਵਿਹਾਰਕਤਾ ਦੇ ਵਿਚ ਵਾਧਾ ਕੀਤਾ ਜਾ ਸਕੇ। ਸਰਕਾਰ ਦੇ ਵਿਚ ਅਤੇ ਬਾਹਰ ਇੱਕ ਵਾਰਸ਼ਿਕ ਗਾਹਕ ਸੰਤੁਸ਼ਟੀ ਸਰਵੇਖਣ ਤੋਂ ਮਿਲੀ ਸਲਾਹ ਸਾਨੂੰ ਨਿਰੰਤਰ ਤੌਰ ਤੇ ਪਰੋਜੈਕਟ ਦੀ ਅਦਾਇਗੀ ਦੇ ਵਿਚ ਸੁਧਾਰ ਕਰਨ ਦੇ ਵਿਚ ਮਦਦ ਕਰਦੀ ਹੈ। ਸਾਨੂੰ ਆਪਣੇ ਲਾਜਵਾਬ ਨਤੀਜਿਆਂ ਤੇ ਮਾਣ ਹੈ।

## ਆਪਣੇ ਕੰਮ ਨੂੰ ਦੂਜਿਆਂ ਨਾਲ ਸਾਂਝਾ ਕਰਨਾ

ਅਸੀਂ ਆਪਣੇ ਗਿਆਨ ਨੂੰ ਸਾਂਝਾ ਕਰਦੇ ਹਾਂ। ARI ਦਾ ਇੱਕ ਮਜਬੂਤ ਪਰਕਾਸ਼ਨ ਰਿਕਾਰਡ ਹੈ ਜੋ ਕਿ ਹਰ ਸਾਲ 50 ਸਾਥੀਆਂ ਦੁਆਰਾ ਸਮੀਖਿਆ ਵਾਲੇ ਜਰਨਲ ਲੇਖਾਂ ਅਤੇ 50 ਗਾਹਕ ਜਾਂ ਤਕਨੀਕੀ ਰਿਪੋਰਟਾਂ ਤੋਂ ਜ਼ਿਆਦਾ ਨੂੰ ਪਰਕਾਸ਼ਿਤ ਕਰਦਾ ਹੈ। ਵਿਗਿਆਨ ਨੂੰ कई सारीआं ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ, ਖੇਤਰੀ ਸੈਮੀਨਾਰਾਂ ਅਤੇ ਵਰਕਸ਼ਾਪਾਂ ਵਿੱਚ ਪ੍ਰਦਾਨ ਕੀਤਾ ਗਿਆ ਹੈ।

ARI ਸਰਗਰਮ ਤੌਰ ਤੇ ਇਸ ਵਿਚ ਸੁਧਾਰ ਕਰਨ ਦੇ ਲਈ ਕੰਮ ਕਰ ਰਿਹਾ ਹੈ ਕਿ ਅਸੀਂ ਕਿਵੇਂ ਅਨੁਵਾਦ ਕਰਦੇ ਹਾਂ ਅਤੇ ਵਿਗਿਆਨੀ ਕਹਾਣੀਆਂ ਨੂੰ ਸਾਂਝਾ ਕਰਦੇ ਹਾਂ। ਅਸੀਂ ਸਾਧਕਾਂ ਦੇ ਲਈ ਵਿਗਿਆਨੀ ਭਾਈਚਾਰਾ, ਰਿਪੋਰਟਾਂ ਅਤੇ ਤੱਥ ਸ਼ੀਟਾਂ ਦੇ ਲਈ ਜਰਨਲ ਲੇਖਾਂ ਦੇ ਤਹਿਤ ਉਤਪਾਦਾਂ ਦੀ ਇੱਕ ਸੀਮਾ ਨੂੰ ਵਿਕਸਿਤ ਕਰਦੇ ਹਾਂ ਜੋ ਉਦੇਸ਼ ਦੇ ਲਈ ਉਚਿਤ ਹੁੰਦੇ ਹਨ ਤਾਂ ਜੋ ਵੀਡੀਓ ਅਤੇ ਵੈਬ ਪੇਜ ਦੇ ਤਹਿਤ ਸਮਾਜ ਨੂੰ ਨਾਲ ਜੋੜਿਆ ਜਾ ਸਕੇ।

ਸਾਡਾ ਸਟਾਫ ਫੀਲਡ ਦਿਨਾਂ, ਵਰਕਸ਼ਾਪਾਂ ਅਤੇ ਫੋਰਮਾਂ ਦੇ ਵਿਚ ਕੰਮ ਕਰਦੇ ਹਨ ਅਤੇ ਭਾਗ ਲੈਂਦੇ ਹਨ ਅਤੇ ਅਸੀਂ ਆਪਣੀ ਨਾਲ ਜੋੜਨ ਵਾਲੀ ਨੀਤੀ ਦੀ ਕਾਮਯਾਬੀ ਦਾ ਮੁਲਾਂਕਣ ਕਰਦੇ ਹਾਂ।

## ਪਰੋਜੈਕਟਾਂ ਦੇ ਉਦਾਹਰਨ

ਇਹ ਛੇ ਪਰੋਜੈਕਟ ARI ਵਿਖੇ ਕੰਮ ਦੀ ਵਿਸ਼ਾਲਤਾ ਦੇ ਉਦਾਹਰਨ ਪ੍ਰਦਾਨ ਕਰਦੇ ਹਨ।

## ਬਨਸਪਤੀ ਸੀਮਾ ਅਤੇ ਸਥਿਤੀ ਨੂੰ ਵਿਕਟੋਰੀਆ ਦੇ ਵਿਚ ਇਕ ਦੂਜੇ ਨਾਲ ਜੋੜਨਾ

ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ 200 ਸਾਲ ਪਹਿਲੇ ਦੱਖਣੀ ਪੂਰਬ ਆਸਟਰੇਲੀਆ ਕਿਸ ਤਰ੍ਹਾਂ ਦਾ ਸੀ ਤਾਂ ਜੋ ਭਵਿੱਖ ਦੇ ਵਿੱਚ ਰਿਹਾਇਸ਼ੀ ਸੁਰੱਖਿਆ, ਬਹਾਲੀ ਅਤੇ ਮੁੜ ਵਸੇਬੇ ਦੇ ਬਾਰੇ ਏਜੰਸੀਆਂ ਦੀ ਸੂਚਿਤ ਫੈਸਲੇ ਲੈਣ ਦੇ ਵਿਚ ਮਦਦ ਹੋ ਸਕੇ। ਭੂਤਕਾਲ ਦੀ ਕਹਾਣੀ ਦੱਸਣ ਦੇ ਤਹਿਤ ਸੈਟੇਲਾਈਟ ਨੂੰ ਸਿਖਾਉਣ, ਜਲਵਾਯੂ ਅਤੇ ਵਾਤਾਵਰਣ ਸੰਬੰਧੀ ਅੰਕੜੇ ਰੀਮੋਟ ਸੈਂਸਡ ਇਮੇਜਰੀ, GIS ਅੰਕੜੇ ਅਤੇ ਰਿਵਾਇਤੀ ਵਿਕਸਿਤ ਸਾਫਟਵੇਅਰ ਦਾ ਇਸਤੇਮਾਲ ਕਰਕੇ ARI ਨੇ ਇੱਕ "ਵਾਤਾਵਰਣ ਸੰਬੰਧੀ ਟਾਈਮ ਮਸ਼ੀਨ" ਦਾ ਨਿਰਮਾਣ ਕੀਤਾ ਹੈ ਜੋ ਇੱਕ ਪਰੀ ਯੂਰੋਪੀਅਨ ਸੈਟੇਲਾਈਟ ਇਮੇਜ ਦਾ ਨਿਰਮਾਣ ਕਰਦੀ ਹੈ। ਇਹ ਇੱਕ 'ਖੂਬਸੂਰਤ' ਤਸਵੀਰ ਜਾਂ ਇੱਕ ਮਾਕ ਅਪ ਨਹੀਂ ਹੈ, ਇਹ ਉਸ ਤੋਂ ਕਾਫੀ ਲਾਭਦਾਇਕ ਅਤੇ ਵਿਸਤ੍ਰਿਤ ਹੈ
(DELWP YouTube ਚੈਨਲ ਵੇਖੋ, https://www.youtube.com/watch?v=5PBb2V5qd-Y).

## ਨਾਜ਼ੁਕ ਸੰਕਟਮਈ ਲੀਡਬੀਟਰ ਪੋਸਮ ਨੂੰ ਖੋਜਣ ਦੇ ਲਈ ਨਵੀਨ ਸਰਵੇਖਣ ਤਰੀਕੇ

ਵਿਕਟੋਰੀਆ ਦੀ ਫੌਨਲ ਐਮਬਲੇਮ ਨੂੰ ਖੋਜਣ ਦੇ ਲਈ ARI ਨਵੇਂ ਤਰੀਕਿਆਂ ਦਾ ਇਸਤੇਮਾਲ ਕਰ ਰਿਹਾ ਹੈ। ਇਹ ਛੋਟੀ ਅਰਬੋਰਿਆਲ ਜਾਤੀ ਵਿਕਟੋਰੀਆ ਦੇ ਕੇਂਦਰੀ ਹਾਈਲੈਂਡ ਦੇ ਉੱਚੇ ਸਿੱਲ੍ਹੇ ਜੰਗਲ ਦੇ ਵਿਚ ਰਹਿੰਦੀਆਂ ਹਨ ਜਿਥੇ ਇਸਨੂੰ ਲੱਭਣਾ ਬਹੁਤ ਮੁਸ਼ਕਲ ਹੋ ਗਿਆ ਸੀ। ARI ਨੇ ਕੈਨੋਪੀ ਮਾਹਰਾਂ ਦੇ ਨਾਲ ਟੀਮ ਬਣਾਈ ਤਾਂ ਜੋ ਦਰੱਖਤਾਂ ਦੇ ਵਿਚ ਸਵੈਚਾਲਿਤ ਕੈਮਰਿਆਂ ਦਾ ਸੰਸਥਾਪਨ ਕੀਤਾ ਜਾ ਸਕੇ ਅਤੇ ਆਪਣੇ ਜਾਲ ਵਿਚ ਫਸਾਉਣ ਦੇ ਲਈ ਸ਼ਹਿਦ ਦਾ ਇਸਤੇਮਾਲ ਕੀਤਾ ਗਿਆ ਸੀ। ਜ਼ਮੀਨ ਦੇ ਉੱਤੇ 47 ਮੀਟਰ ਤੱਕ ਰੁੱਖਾਂ ਉੱਤੇ ਕੈਮਰੇ ਲਗਾਏ ਗਏ ਸਨ ਜੋ ਕਿ ਉਚਿਤ ਢੰਗ ਦੇ ਨਾਲ ਨਾਲ ਜੁੜੀ ਬਨਸਪਤੀ ਵਾਲੇ ਖੇਤਰਾਂ ਨੂੰ ਨਿਸ਼ਾਨਾਂ ਬਣਾਉਂਦੇ ਹਨ ਜਿਥੇ ਜਾਨਵਰ ਜ਼ਿਆਦਾਤਰ ਘੁੰਮਦੇ ਹਨ ਅਤੇ ਆਪਣਾ ਭੋਜਨ ਲੱਭਦੇ ਹਨ। ਚਾਰ ਹਫਤਿਆਂ ਬਾਅਦ ਕੈਮਰੇ ਵਾਪਸ ਲਿਆਂਦੇ ਗਏ ਸਨ ਫੋਟੋਆਂ ਵੇਖੀਆਂ ਗਈਆਂ ਹਨ। ਰਾਤ ਦੇ ਸਮੇਂ ਸਰਵੇਖਣ ਕਰਨ ਦੇ ਦੌਰਾਨ ਅਸੀਂ ਥਰਮਲ ਇਮੇਜਿੰਗ ਕੈਮਰਿਆਂ ਦਾ ਇਸਤੇਮਾਲ ਕਰਦੇ ਹਾਂ ਤਾਂ ਜੋ ਜਾਨਵਰਾਂ ਦੇ ਹੀਟ ਸਿਗਨੇਚਰ ਦਾ ਪਤਾ ਲਗਾਇਆ ਜਾ ਸਕੇ ਜਿਸਦੇ ਨਾਲ ਅਸੀਂ ਉਹਨਾਂ ਦੀਆਂ ਆਵਾਜ਼ਾਂ ਦੀਆਂ ਨਕਲ ਕਰਕੇ ਉਹਨਾਂ ਬਾਰੇ ਪਤਾ ਲਗਾਉਣ ਦੀ ਸੰਭਾਵਨਾ ਦੇ ਵਿਚ ਵਾਧਾ ਕਰਦੇ ਹਾਂ। ਇਹ ਨਵੀਨੀ ਸਰਵੇਖਣ ਦੇ ਤਰੀਕਿਆਂ ਨੇ ਭੂਤ ਕਾਲ ਦੀ ਤੁਲਨਾ ਦੇ ਵਿਚ ਤੇਜ਼ੀ ਨਾਲ ਅਤੇ ਬੇਹਤਰ ਤਰੀਕੇ ਦੇ ਨਾਲ ਲੀਡਬੀਟਰ ਪੋਸਮ ਨੂੰ ਲੱਭਣ ਵਿੱਚ ਸਾਡੀ ਯੋਗਤਾ ਦੇ ਵਿਚ ਵਾਧਾ ਕੀਤਾ ਹੈ, ਜਿਸਦੇ ਤਹਿਤ ਤੋਂ ਕਲੋਨੀਆਂ ਨੂੰ ਲੱਕੜ ਦੀ ਕਟਾਈ ਤੋਂ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ।

## ਖਰਗੋਸ਼ਾਂ ਦਾ ਰਣਨੀਤਕ ਪ੍ਰਬੰਧ

ARI ਨੇ ਇੱਕ ਵੱਡੇ ਸਹਿਯੋਗ ਵਾਲੇ ਖੋਜ ਪਰੋਜੈਕਟ ਦੀ ਅਗਵਾਈ ਅਤੇ ਅਦਾਇਗੀ ਕੀਤੀ ਹੈ ਤਾਂ ਜੋ ਅਪਰ Werribee ਰਿਵਰ ਕੈਚਮੈਂਟ ਦੇ ਵਿਚ ਇੱਕ ਖੁਆਰ ਹੋਏ ਖਰਗੋਸ਼ ਦੁਆਰਾ ਖਰਾਬ ਕੀਤੇ ਭੂਮੀ ਦ੍ਰਿਸ਼ ਨੂੰ ਕੁਸ਼ਲ ਅਤੇ ਸਸਤੀਆਂ ਤਕਨੀਕਾਂ ਦੇ ਨਾਲ ਮੁੜ ਸੁਆਰਿਆ ਜਾ ਸਕੇ। ਪ੍ਰੋਗਰਾਮ ਦੇ ਵਿਚ ਬਨਸਪਤੀ ਕੰਮਾਂ ਦੀ ਜਾਂਚ ਸ਼ਾਮਲ ਸੀ ਜਿਸ ਵਿਚ ਖਰਗੋਸ਼ ਤੋਂ ਬਿਨਾ ਅਤੇ ਉਸਦੇ ਨਾਲ ਕੰਟਰੋਲ ਵੀ ਮੌਜੂਦ ਸੀ ਅਤੇ ਨਤੀਜੇ ਗਿਣਾਤਮਕ ਅੰਕੜੇ ਪ੍ਰਦਾਨ ਕਰਦੇ ਹਨ ਤਾਂ ਜੋ ਖਰਗੋਸ਼ ਕੰਟਰੋਲ ਅਤੇ ਬਨਸਪਤੀ ਦੇ ਬਾਰੇ ਨਿਵੇਸ਼ ਦੇ ਫੈਸਲਿਆਂ ਨੂੰ ਮਾਰਗਦਰਸ਼ਨ ਪ੍ਰਾਪਤ ਹੋ ਸਕੇ। ਉਦਾਹਰਨ ਦੇ ਤੌਰ ਤੇ, ਰੁੱਖਾਂ ਦੀ ਰਖਵਾਲੀ ਦੇ ਨਾਲ ਖਰਗੋਸ਼ਾਂ ਦੇ ਹੋਣ ਅਤੇ ਨਾ ਹੋਣ ਦੇ ਨਾਲ ਪੌਦਿਆਂ ਦੇ ਬਚਾਅ ਵਿਚ ਵਾਧਾ ਹੋਇਆ ਸੀ ਪਰ ਉਹ ਰੁੱਖ ਜੋ ਸੰਭਾਲੇ ਨਹੀਂ ਗਏ ਸਨ ਉਹ ਬੇਹਤਰ ਤਰੀਕੇ ਦੇ ਨਾਲ ਜ਼ਿਆਦਾ ਸਮੇਂ ਤਕ ਵਧ ਫੁੱਲ ਸਕਦੇ ਹਨ ਜਿਥੇ ਖਰਗੋਸ਼ਾਂ ਨੂੰ ਕੰਟਰੋਲ ਕੀਤਾ ਗਿਆ ਸੀ। ਉਹ ਖੇਤਰ ਜਿਥੇ ਖਰਗੋਸ਼ ਕੰਟਰੋਲ ਨਹੀਂ ਕੀਤੇ ਗਏ ਸਨ ਉਸ ਥਾਂ ਤੇ 10% ਪੌਦਿਆਂ ਦੀ ਪਨੀਰੀ ਹੀ ਪੈਰ ਜਮ੍ਹਾਂ ਸਕੀ। ਇਹ ਖੋਜ ਅੰਤਰਰਾਸ਼ਟਰੀ ਜਰਨਲ, Ecosphere ਦੇ ਵਿਚ ਪਰਕਾਸ਼ਿਤ ਕੀਤੀ ਗਈ ਸੀ। ਜ਼ਮੀਨ ਪ੍ਰਬੰਧਕਾਂ ਦੇ ਲਈ, ਇਹ ਕੰਮ ਖਰਗੋਸ਼ ਕੰਟਰੋਲ ਅਤੇ ਭੂਮੀ ਦੇ ਦ੍ਰਿਸ਼ ਦੀ ਬਹਾਲੀ ਦੇ ਸਸਤੇ ਤਰੀਕੇ ਦੇ ਬਾਰੇ ਬੇਹਤਰ ਸਲਾਹ ਪ੍ਰਦਾਨ ਕਰੇਗਾ। ਸਹਿਯੋਗ ਕਰਨ ਵਾਲਿਆਂ ਦੇ ਵਿਚ ਆਰਥਿਕ ਵਿਕਾਸ ਦਾ ਵਿਭਾਗ, ਨੌਕਰੀਆਂ, ਟਰਾਂਸਪੋਰਟ ਅਤੇ ਸਾਧਨ, Melbourne Water, ਪੋਰਟ ਫਿਲਿਪ ਅਤੇ ਵੈਸਟਰਨ ਪੋਰਟ CMA, Parks Victoria, ਵਿਕਟੋਰੀਅਨ ਰਾਸ਼ਟਰੀ ਪਾਰ੍ਕਸ ਐਸੋਸੀਏਸ਼ਨ, Greening Australia ਅਤੇ VicTrack ਸ਼ਾਮਲ ਹਨ।

## ਵਾਟਰਬਰਡ (ਪਾਣੀ ਦੇ ਪੰਛੀ ਦੀ) ਨਿਗਰਾਨੀ

2000 ਤੋਂ Melbourne Water ਦੀ 11000 ਹੈਕਟੇਅਰ ਸਾਈਟ ਦੇ ਪ੍ਰਬੰਧ ਦੇ ਸਹਿਯੋਗ ਵਜੋਂ ਇੱਕ ਚੱਲ ਰਹੇ ਅਧਿਐਨ ਦੇ ਤਹਿਤ ਝਰਨੇ, ਕੰਢੇ ਦੇ ਪੰਛੀਆਂ, ਬੁੱਜਾ ਅਤੇ ਪਾਣੀ ਦੇ ਕਾਂ ਦੀ ਜਾਂਚ ਪੱਛਮੀ ਉਪਚਾਰ ਪਲਾਂਟ ਦੇ ਵਿਚ ਨਿਰਮਿਤ ਹੋਈ ਹੈ। ਇਹ ਖੇਤਰ ਪਾਣੀ ਦੇ ਪੰਛੀਆਂ ਦੇ

ਲਈ ਇੱਕ ਰਿਹਾਇਸ਼ ਦੇ ਤਹਿਤ ਅੰਤਰਰਾਸ਼ਟਰੀ ਤੌਰ ਤੇ ਬਹੁਤ ਮਹੱਤਵਪੂਰਨ ਹੈ ਖਾਸ ਤੌਰ ਤੇ ਸੋਕੇ ਦੇ ਸਮੇਂ ਤੇ ਬਹੁਤ ਮਹੱਤਵਪੂਰਨ ਹੈ। ਪਾਣੀ ਦੇ ਪੰਛੀਆਂ ਦੇ ਪ੍ਰੋਗਰਾਮ ਨੇ ਮੁਲਾਂਕਣ ਕੀਤਾ ਸੀ ਕਿ ਸੀਵਰੇਜ ਅਤੇ ਗੰਦੇ ਪਾਣੀ ਦੇ ਉਪਚਾਰ ਦੇ ਵਿਚ ਹਾਲ ਹੀ ਵਿਚ ਕੀਤੇ ਗਏ ਅਪਗ੍ਰੇਡਾਂ ਨੇ ਪਾਣੀ ਦੇ ਪੰਛੀਆਂ ਅਤੇ ਨਮੂਨਿਆਂ ਦੀ ਗਿਣਤੀ ਨੂੰ ਰਿਹਾਇਸ਼ ਦੇ ਇਸਤੇਮਾਲ ਵਜੋਂ ਪ੍ਰਭਾਵਿਤ ਕੀਤਾ ਹੈ ਜਾਂ ਨਹੀਂ। ਨਤੀਜਿਆਂ ਨੇ ਵਿਖਾਇਆ ਕਿ ਮੌਸਮ ਅਤੇ ਜਲਵਾਯੂ ਸਥਲ ਵਿਖੇ ਪਾਣੀ ਦੇ ਪੰਛੀਆਂ ਦੀ ਗਿਣਤੀ ਤੇ ਕਾਫੀ ਪ੍ਰਭਾਵ ਪਾਉਂਦਾ ਹੈ। 2009-10 ਦੇ ਵਿਚ ਸਹਿਸ਼ਤਾਬਦੀ ਸੋਕੇ ਦੇ ਅੰਤ ਤੇ ਬਹੁਤ ਸਾਰੀਆਂ ਜਾਤੀਆਂ ਖਤਮ ਹੋ ਗਈਆਂ ਹਨ, ਜਦੋਂ ਬਹੁਤ ਜ਼ਿਆਦਾ ਬਾਰਿਸ਼ ਹੋਈ ਉਦੋਂ ਆਸਟਰੇਲੀਆ ਦੇ ਬਹੁਤ ਸਾਰੇ ਖੇਤਰਾਂ ਦੇ ਵਿਚ ਹੜ੍ਹ ਆਏ ਜਿਸਦੇ ਨਾਲ ਪਾਣੀ ਦੇ ਪੰਛੀਆਂ ਦੇ ਚੋਗ ਚੁਗਣ ਅਤੇ ਬੱਚੇ ਪੈਦਾ ਕਰਨ ਕਰਨ ਦੇ ਸਥਾਨ ਕੀਤੇ ਹੋਰ ਪ੍ਰਦਾਨ ਕੀਤੇ ਗਏ। ਉਪਚਾਰ ਪੌਦਿਆਂ ਦੀ ਅਬਾਦੀ ' ਸੁਭਾਵਿਕ' ਸਤਰ ਤੱਕ ਪਹੁੰਚ ਗਈ ਹੈ। ਇਹ ਕੰਮ ਬਚਾਵ ਪ੍ਰਬੰਧ ਨੂੰ ਸਹਿਯੋਗ ਪ੍ਰਦਾਨ ਕਰਨ ਦੇ ਤਹਿਤ ਲੰਬੀ ਮਿਆਦ ਦੀ ਜਾਂਚ ਦੇ ਪ੍ਰਬੰਧ ਦੀ ਮਹੱਤਤਾ ਬਾਰੇ ਦੱਸਦਾ ਹੈ।

### ਵਾਤਾਵਰਣ ਸੰਬੰਧੀ ਪ੍ਰਵਾਹ ਖੋਜ ਅਤੇ ਨਿਗਰਾਨੀ

ARI ਜਲ ਵਿਗਿਆਨੀ DELWP ਨੀਤੀ ਬਣਾਉਣ ਵਾਲਿਆਂ, ਮੈਲਬਰਨ ਯੂਨੀਵਰਸਿਟੀ ਅਤੇ CMA ਵਾਟਰਵੇ ਪ੍ਰਬੰਧਕਾਂ ਦੇ ਨਾਲ ਤਾਲ ਮੇਲ ਬਣਾ ਰਹੇ ਹਨ ਤਾਂ ਜੋ ਵਿਕਟੋਰੀਆ ਦੇ ਵਿਚ ਰੈਗੂਲੇਟਿਡ ਨਦੀਆਂ ਦੇ ਵਿਚ ਵਾਤਾਵਰਣ ਪਾਣੀ ਸੰਬੰਧ ਦੇ ਤਹਿਤ ਦੇਸੀ ਮੱਛੀਆਂ ਅਤੇ ਜਲ ਅਤੇ ਤਟਵਰਤੀ ਬਨਸਪਤੀ ਦੇ ਵਿਵਹਾਰ ਦੀ ਜਾਂਚ ਕੀਤੀ ਜਾ ਸਕੇ। ਵਿਕਟੋਰੀਅਨ ਵਾਤਾਵਰਣਕ ਪ੍ਰਵਾਹ ਜਾਂਚ ਅਤੇ ਮੁਲਾਂਕਣ ਪ੍ਰੋਗਰਾਮ ਦੁਆਰਾ ਇਹ ਤਾਲ ਮੇਲ ਕੀਤਾ ਜਾ ਰਿਹਾ ਹੈ ਜਿਸਦਾ ਮਹੱਤਵਪੂਰਨ ਉਦੇਸ਼ ਵਾਤਾਵਰਣਿਕ ਨਤੀਜਿਆਂ ਅਤੇ ਵਾਤਾਵਰਣਕ ਪ੍ਰਵਾਹ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਪ੍ਰੋਗਰਾਮ ਦੇ ਵਿਚ ਇਸਤੇਮਾਲ ਹੋਣ ਵਾਲਾ ਮੁਲਾਂਕਣ ਤਰੀਕਾ ਪ੍ਰਵਾਹ ਦੇ ਤਹਿਤ ਮੱਛੀ ਅਤੇ ਬਨਸਪਤੀ ਦੇ ਵਿਵਹਾਰ ਦੇ ਸੰਕਲਪੀ ਤਰੀਕਿਆਂ, ਮਹੱਤਵਪੂਰਨ ਮੁਲਾਂਕਣ ਪ੍ਰਸ਼ਨਾਂ ਅਤੇ ਨਦੀਆਂ ਦੇ ਬਹੁ ਮੁਲਾਂਕਣ ਉੱਤੇ ਆਧਾਰਿਤ ਹੈ। ਪਾਰਿਸਥਿਤਿਕੀ ਅਤੇ ਅਬਾਦੀ ਵਿਵਹਾਰਾਂ ਦੇ ਤਹਿਤ ਸਾਡੀ ਸਮਝ ਦੇ ਵਿਚ ਫਾਸਲੇ ਵਾਤਾਵਰਣਕ ਪ੍ਰਵਾਹ ਦੇ ਤਹਿਤ ਇਸ ਪ੍ਰੋਗਰਾਮ ਦੇ ਵਿਚ ਦੱਸੇ ਗਏ ਹਨ।

### ਵਿਕਟੋਰੀਆ ਦੇ ਪਾਣੀ ਦੇ ਰਸਤਿਆਂ ਵਿਚ ਸੰਯੋਜਿਕਤਾ: ਜਲਭੂਮੀ ਅਤੇ ਮੱਛੀ ਦੇ ਰਸਤੇ

ਸੰਯੋਜਿਕਤਾ ਦਾ ਮਤਲਬ ਹੁੰਦਾ ਹੈ ਪੌਦਿਆਂ ਅਤੇ ਜਾਨਵਰਾਂ ਦਾ ਭੂਮੀ ਦ੍ਰਿਸ਼ ਦੇ ਵਿਚ ਚੱਲਕੇ ਯੋਗ ਰਿਹਾਇਸ਼ ਦੇ ਵਿਚ ਪਹੁੰਚਣ ਦੀ ਯੋਗਤਾ- ਇਹ ਆਬਾਦੀ ਦੇ ਲਗਾਤਾਰ ਚੱਲਣ ਦੇ ਲਈ ਜ਼ਰੂਰੀ ਹੈ। ARI ਦੇ ਜਲ ਵਿਗਿਆਨੀ ਸੰਯੋਜਿਕਤਾ ਦੇ ਦੋ ਮਹੱਤਵਪੂਰਨ ਖੇਤਰਾਂ ਦੇ ਵਿਚ ਕੰਮ ਕਰ ਰਹੇ ਹਨ: ਜਲ ਭੂਮੀ ਦੇ ਜੀਵਾਂ ਤੇ ਪੌਦਿਆਂ ਦਾ ਵਿਸਰਜਨ ਅਤੇ ਮੱਛੀਆਂ ਦੀ ਚਾਲ। ਉਹਨਾਂ ਨੇ ਪੂਰੇ ਰਾਜ ਦੇ ਵਿਚ ਜਲ ਭੂਮੀ ਦੀ ਸੰਯੋਜਿਕਤਾ ਦਾ ਇੱਕ ਮਾਡਲ ਵਿਕਸਿਤ ਕੀਤਾ ਹੈ ਤਾਂ ਜੋ ਜਲ ਭੂਮੀ ਦੀ ਨੀਤੀ ਨੂੰ ਸੂਚਿਤ ਕੀਤਾ ਜਾ ਸਕੇ ਅਤੇ ਉਹਨਾਂ ਥਾਵਾਂ ਦੀ ਪਛਾਣ ਕੀਤੀ ਜਾ ਸਕੇ ਜਿਥੇ ਸੁਧਰੇ ਹੋਏ ਵਿਸਰਜਨ ਦੁਆਰਾ ਬਹਾਲੀ ਦੇ ਕੰਮਾਂ ਦੇ ਕਾਰਨ ਜਲ ਭੂਮੀ ਨੂੰ ਲਾਭ ਪ੍ਰਦਾਨ ਹੋ ਸਕਦੇ ਹਨ। ਮੱਛੀ ਵਾਤਾਵਰਣ ਦੇ ਵਿਗਿਆਨੀਆਂ ਨੇ ਮੱਛੀ ਦੀ ਗਤੀ ਦੇ ਵਿਚ ਰੁਕਾਵਟਾਂ ਦੀ ਪਛਾਣ ਕੀਤੀ ਹੈ ਅਤੇ ਬਣਾਵਟਾਂ ਦੀ ਮਹੱਤਵਪੂਰਨ ਡਿਜ਼ਾਈਨ ਲੋੜਾਂ ਦੀ ਪਛਾਣ ਕੀਤੀ ਹੈ ਤਾਂ ਜੋ ਵਿਕਟੋਰੀਆ ਦੇ ਪਾਣੀ ਦੇ ਰਸਤਿਆਂ ਦੇ ਵਿਚ ਮੱਛੀ ਦੇ ਰਸਤੇ ਵਿਕਸਿਤ ਹੋ ਸਕਣ। ਇਹਨਾਂ ਮੱਛੀਆਂ ਦੇ ਰਸਤਿਆਂ ਦੇ ਸੰਸਥਾਪਨ ਦੇ ਕਾਰਨ ਵਿਕਟੋਰੀਆ ਦੀਆਂ ਨਦੀਆਂ ਦੇ ਵਿਚ ਤਾਜ਼ੇ ਪਾਣੀ ਦੀ ਮੱਛੀ ਜਾਤੀਆਂ ਦੀ ਗਿਣਤੀ ਦੇ ਵਿਚ ਵਾਧਾ ਹੋਇਆ ਹੈ।

## ਹੋਰ ਜਾਣਕਾਰੀ:


### ਦਫਤਰ ਦਾ ਪਤਾ

123 Brown Street, Heidelberg, Victoria, Australia 3084

### ਡਾਕ ਪਤਾ

PO Box 137, Heidelberg, Victoria, Australia 3084

### ਫੋਨ

+61 3 9450 8600

**ਵੈਬ ਸਾਈਟ**

www.delwp.vic.gov.au/ari

**ਈ ਮੇਲ**

research.ari@delwp.vic.gov.au

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਅਨੁਵਾਦ ਅਤੇ ਦੋਭਾਸ਼ੀਏ ਵਿੱਚ ਮਦਦ ਲਈ ਕਿਰਪਾ ਕਰਕੇ ਅਨੁਵਾਦ ਅਤੇ ਦੋਭਾਸ਼ੀਆ ਸੇਵਾ (TIS) ਨੂੰ ਸੰਪਰਕ ਕਰੋ

131 450 ਤੇ TIS National ਨੂੰ ਸੰਪਰਕ ਕਰੋ (ਆਸਟ੍ਰੇਲੀਆ ਦੇ ਅੰਦਰ) ਜਾਂ www.tisnational.gov.au ਤੇ ਜਾਓ